# ਸੇਵਾ

## ਭਾਗ–1

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ–463)

ਅਕਾਲ ਪੁਰਖ ਨੇ 'ਦੁਯੀ ਕੁਦਰਤਿ' ਅਥਵਾ ਮਾਇਆ ਰੂਪੀ ਕਾਇਨਾਤ ਸਾਜ ਕੇ ਉਸ ਵਿਚ ਅਪਣੀ ਜੋਤ ਪ੍ਰਵੇਸ਼ ਕਰ ਦਿਤੀ।

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥ (ਪੰਨਾ–617)

ਇਸ ਕਾਇਨਾਤ ਦੀ ਪ੍ਰਵਿਰਤੀ ਲਈ, ਇਸ ਦੇ ਨਾਲ ਹੀ ਹੁਕਮ ਰਚ ਦਿਤਾ—ਜੋ ਕਾਇਨਾਤ ਦੇ ਜ਼ੱਰੇ–ਜ਼ੱਰੇ ਵਿਚ ਪ੍ਰਵੇਸ਼ ਤੇ ਪ੍ਰਵਿਰਤ ਹੋ ਰਿਹਾ ਹੈ।

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥ (ਪੰਨਾ–55)

ਏਕੋ ਹੁਕਮੁ ਵਰਤੈ ਸਭ ਲੋਈ ॥
ਏਕਸੁ ਤੇ ਸਭ ਓਪਤਿ ਹੋਈ ॥ (ਪੰਨਾ–223)

ਸਭੁ ਸਚਾ ਹੁਕਮ ਵਰਤਦਾ ਗੁਰਮੁਖਿ ਸਚਿ ਸਮਾਉ ॥ (ਪੰਨਾ–949)

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥ (ਪੰਨਾ–1275)

ਸਾਰਿਆਂ ਜੀਵਾਂ ਵਿਚ ਇਕੋ ਇਲਾਹੀ 'ਜੋਤ' ਹੋਣ ਕਰਕੇ ਅਸੀਂ ਸਾਰੇ ਉਸ ਅਕਾਲ ਪੁਰਖ ਦੀ 'ਉੱਮਤ' ਅਥਵਾ 'ਅੰਸ਼' ਦੇ ਨਾਤੇ ਮਾਨਵਤਾ ਦੇ ਭੈਣ–ਭਰਾ ਹਾਂ। (Universal brotherhood and sisterhood)

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥
ਨਉ ਨਿਧਿ ਤੇਰੈ ਅਖੁਟ ਭੰਡਾਰਾ ॥ (ਪੰਨਾ–97)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (ਪੰਨਾ–1349)

'ਇਕੋ ਜੋਤ' ਦੇ ਨਾਤੇ ਸਾਡੇ ਸਾਰਿਆਂ ਜੀਵਾਂ ਦੇ ਅੰਦਰ ਇਕੋ ਇਲਾਹੀ 'ਜੀਵਨ–ਰੌ'

ਵਰਤ ਰਹੀ ਹੈ। ਇਸ ਲਈ ਸਾਡਾ ਬਾਹਰਲਾ ਪ੍ਰਗਟਾਵਾ ਤਾਂ ਭਾਵੇਂ ਅੱਡ-ਅੱਡ ਸ਼ਕਲਾਂ ਵਿਚ ਹੁੰਦਾ ਹੈ ਪਰ ਅੰਤ੍ਰ-ਆਤਮੇ ਸਾਡਾ 'ਆਪਾ' ਇਕੋ ਹੀ ਹੈ।

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ (ਪੰਨਾ-611)

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ (ਪੰ.-1350)

ਇਸ ਲਈ ਹਰ ਇਕ ਜੀਵਾਂ ਦਾ ਆਪਸ ਵਿਚ ਨਾਲ ਲਿਖੇ ਹੋਏ 'ਹੁਕਮ' ਅਨੁਸਾਰ 'ਸਹਿਜ-ਸੁਭਾਇ' ਆਤਮਿਕ ਖਿੱਚ, ਪਿਆਰ ਅਤੇ ਚਾਓ ਦਾ ਪ੍ਰਗਟਾਵਾ—

ਮਾਂ-ਪਿਆਰ
ਭੈਣ-ਭਰਾਵਾਂ ਦੇ ਪਿਆਰ
ਇਸਤਰੀ-ਮਰਦ ਦੇ ਪਿਆਰ
ਦੋਸਤਾਂ-ਮਿਤਰਾਂ ਦੇ ਪਿਆਰ
ਰਿਸ਼ਤੇਦਾਰਾਂ-ਸੰਬੰਧੀਆਂ ਦੇ ਪਿਆਰ
ਗੁਰ ਭਾਈਆਂ ਦੇ ਪਿਆਰ
ਗੁਰਮੁਖ ਜਨਾਂ ਦੇ ਪਿਆਰ

ਆਦਿ, ਰਾਹੀਂ ਪ੍ਰਗਟ ਹੁੰਦਾ ਰਹਿੰਦਾ ਹੈ। ਜਿਸ ਦੇ ਉਮਾਹ ਵਿਚ ਸਾਰੇ ਜੀਵ-ਇਕ ਦੂਸਰੇ ਤੋਂ ਵਾਰਨੇ ਅਤੇ ਸਦਕੇ ਜਾਂਦੇ ਹੋਏ 'ਸੇਵਾ' ਦੁਆਰਾ ਆਪਾ ਵਾਰਨ ਵਿਚ ਖੁਸ਼ੀ ਅਤੇ ਚਾਓ ਮਹਿਸੂਸ ਕਰਦੇ ਅਤੇ ਮਾਣਦੇ ਹਨ।

ਪਰ ਇਹ ਦੀਸਣਹਾਰ ਕਾਇਨਾਤ ਹਉਂ-ਧਾਰੀ ਮਾਇਕੀ ਮੰਡਲ ਦਾ 'ਵਡ ਖੇਲ ਤਮਾਸ਼ਾ' ਅਥਵਾ 'ਪਰਪੰਚ' ਹੈ ਜਿਸ ਵਿਚ 'ਹਉਮੈ' ਅਥਵਾ 'ਮੈਂ-ਮੇਰੀ' ਦੇ ਭਰਮ-ਦੁਆਰਾ—

ਵੈਰ
ਵਿਰੋਧ
ਨਿੰਦਾ
ਚੁਗਲੀ
ਈਰਖਾ
ਦਵੈਤ
ਡਰ
ਵਹਿਮ
ਭਰਮ
ਚਿੰਤਾ

ਅਸ਼ਾਂਤੀ

ਗਲਤ ਫਹਿਮੀ

ਸ਼ਕ

ਤਨਾਓ

ਨਫ਼ਰਤ

ਵਿਤਕਰਾ

ਖ਼ੁਦਗਰਜ਼ੀ

ਸਾੜਾ

ਤਅੱਸੁਬ

ਧੜੇ ਬਾਜ਼ੀ

ਧੱਕੇ ਸ਼ਾਹੀ

ਲੁੱਟ-ਖਸੁੱਟ

ਬੇਈਮਾਨੀ

ਧੋਖੇਬਾਜੀ

ਖਿੱਚੋ ਤਾਣ

ਬਦਲੇ ਦੀ ਭਾਵਨਾ

ਲੜਾਈ ਝਗੜੇ

ਜ਼ੁਲਮ

ਆਦਿ, ਦਾ ਜਗਤ ਵਿਚ ਭੜਥੂ ਮੱਚਿਆ ਹੋਇਆ ਹੈ।

ਸਤਿਗੁਰਾਂ ਨੇ ਹਉਮੈ-ਵੇੜ੍ਹੇ ਜੀਵਾਂ ਨੂੰ ਅਗਵਾਈ ਲਈ ਉੱਚੀ-ਸੁੱਚੀ ਜੀਵਨ ਸੇਧ ਗੁਰਬਾਣੀ ਦੁਆਰਾ ਇਉਂ ਦਿੱਤੀ ਹੈ—

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ (ਪੰਨਾ-1245)

ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ।
ਕਿਰਤ ਵਿਰਤਿ ਕਰਿ ਧਰਮ ਦੀ ਖਟਿ ਖਵਾਲਣ ਭਾਇ ਕਰੇਹੀ।
(ਵਾ. ਭਾ. ਗੁ. 1/3)

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।
(ਵਾ. ਭਾ. ਗੁ. 6/12)

ਗੁਰਸਿਖੀ ਦਾ ਰਾਹੁ ਏਹੁ ਗੁਰਮੁਖਿ ਚਾਲ ਚਲੈ ਸੋ ਦੇਖੈ ।
ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ। (ਵਾ. ਭਾ. ਗੁ. 28/6)

ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।

(ਵਾ. ਭਾ. ਗੁ. 28/15)

'ਘਾਲਿ ਖਾਇ ਕਿਛੁ ਹਥਹੁ ਦੇਇ' ਦੇ ਅਰਥ ਹਨ ਮਿਹਨਤ ਅਤੇ ਘਾਲਣਾ ਦੁਆਰਾ ਕਮਾਈ ਕਰਕੇ, ਉਸ ਵਿਚੋਂ ਵੰਡ ਛਕਣਾ ਅਥਵਾ ਪਰਉਪਕਾਰ ਕਰਨ ਨੂੰ ਹੀ 'ਸੇਵਾ' ਕਿਹਾ ਜਾਂਦਾ ਹੈ।

'ਹਥਹੁ ਦੇ ਕੈ ਭਲਾ ਮਨਾਵੈ' ਅਨੁਸਾਰ ਵਸਤੂਆਂ ਅਤੇ ਪਦਾਰਥਾਂ ਦਾ ਦਾਨ ਕਰਨਾ ਭੀ ਉਤਮ ਸੇਵਾ ਹੈ। ਇਸ ਕਿਸਮ ਦੀ ਸੇਵਾ ਸਭ ਤੋਂ ਸੌਖੀ ਸੇਵਾ ਹੈ—ਜੋ ਅਸੀਂ ਸਾਰੇ ਕਿਸੇ-ਨਾ-ਕਿਸੇ ਸ਼ਕਲ ਵਿਚ ਥੋੜੀ ਬਹੁਤ ਕਰ ਰਹੇ ਹਾਂ, ਜਿਹਾ ਕਿ—

ਮਾਇਆ-ਦਾਨ
ਅੰਨ-ਦਾਨ
ਕਪੜੇ-ਦਾਨ
ਭੂਮੀ-ਦਾਨ
ਇਲਾਜ-ਦਾਨ, ਆਦਿ।

ਭਾਈ ਗੁਰਦਾਸ ਜੀ ਦੀ ਬਾਣੀ ਵਿਚ 'ਦਾਨ' ਦੀ ਬਾਬਤ ਇਉਂ ਪ੍ਰੇਰਨਾ ਕੀਤੀ ਗਈ ਹੈ—

ਨਾਮੁ ਦਾਨੁ ਇਸਨਾਨੁ ਕਰਮ ਕਮਾਇਆ।
ਨਿਵ ਚਲਨੁ ਮਿਠ ਬੋਲ ਘਾਲਿ ਖਵਾਇਆ। (ਵਾ. ਭਾ. ਗੁ. 20/6)

ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ। (ਵਾ. ਭਾ. ਗੁ. 8/24)

ਜੇਕਰ ਐਸੇ 'ਦਾਨ' ਦੀ 'ਸੇਵਾ' ਇਖਲਾਕੀ ਫਰਜ਼ ਸਮਝ ਕੇ ਕੀਤੀ ਜਾਵੇ ਤਾਂ ਇਸ ਦੁਆਰਾ ਮਨ ਵਿਚ ਖੁਸ਼ੀ, ਚਾਉ ਅਤੇ ਸ਼ਰਧਾ-ਭਾਵਨੀ ਪੈਦਾ ਹੁੰਦੀ ਹੈ ਅਤੇ 'ਸੇਵਾ' ਕਰਕੇ ਮਨ ਭਲਾ ਮਨਾਉਂਦਾ ਹੈ ਅਤੇ ਸ਼ੁਕਰਾਨੇ ਵਿਚ ਜਾਂਦਾ ਹੈ ਕਿ 'ਸੇਵਾ' ਕਰਨ ਦਾ ਮੌਕਾ ਮਿਲਿਆ ਹੈ।

ਪਰ, ਆਮ ਤੌਰ ਤੇ ਜਦ ਅਸੀਂ 'ਦਾਨ' ਕਰਦੇ ਹਾਂ ਤਾਂ ਇਸ ਦੇ ਪਿਛੇ ਸਾਡੀ—

ਕੋਈ ਗਰਜ਼ ਹੁੰਦੀ ਹੈ
ਦੇਖਾ-ਦੇਖੀ ਕਰਦੇ ਹਾਂ
ਬੱਧਾ-ਚੱਟੀ ਕਰਦੇ ਹਾਂ
ਹਉਮੈ ਵਿੱਚ ਕਰਦੇ ਹਾਂ
ਮਾਣ-ਵਡਿਆਈ ਲਈ ਕਰਦੇ ਹਾਂ
ਤ੍ਰਿਸ਼ਨਾ ਦੀ ਪੂਰਤੀ ਲਈ ਕਰਦੇ ਹਾਂ

ਦੁਖਾਂ ਦੀ ਨਿਵਰਤੀ ਲਈ ਕਰਦੇ ਹਾਂ
ਪਾਪਾਂ ਨੂੰ ਛੁਪਾਉਣ ਲਈ ਕਰਦੇ ਹਾਂ
ਜਮਾਂ ਦੀ ਸਜਾ ਤੋਂ ਬਚਣ ਲਈ ਕਰਦੇ ਹਾਂ
ਸਵਰਗ ਦੀ ਲਾਲਸਾ ਲਈ ਕਰਦੇ ਹਾਂ

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥ (ਪੰਨਾ-466)

ਇਸ ਲਈ ਇਹੋ ਜਿਹਾ 'ਦਾਨ' ਨਿਹਫਲ ਜਾਂਦਾ ਹੈ ਬਲਕਿ ਫੋਕਾ ਕਰਮ ਕਾਂਡ ਬਣ ਕੇ ਹੀ ਰਹਿ ਜਾਂਦਾ ਹੈ।

ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥ (ਪੰਨਾ-34)

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕ ਤਿਲੁ ਥਾਇ ਨ ਪਾਈ॥
ਪੁੰਨ ਦਾਨ ਜੋ ਬੀਜਦੇ ਸਭ ਧਰਮਰਾਇ ਕੈ ਜਾਈ ॥ (ਪੰਨਾ-1414)

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ ॥ (ਪੰਨਾ-1428)

ਹੋਮ ਜੱਗ ਬਹੁ ਦਾਨ ਕਰਿ ਮੁਖ ਵੇਦ ਉਚਰਣੇ।
ਕਰਮ ਧਰਮ ਭੈ ਭਰਮ ਵਿਚਿ ਬਹੁ ਜੰਮਣ ਮਰਣੇ। (ਵਾ. ਭਾ. ਗੁ. 38/12)

ਐਸਾ 'ਦਾਨ' ਜੀਵ ਲਈ ਕਲਿਆਣਕਾਰੀ ਹੋਣ ਦੀ ਬਜਾਏ ਸਾਡੀ ਹਉਮੈ ਨੂੰ ਹੋਰ ਪੱਠੇ ਪਾਉਂਦਾ ਹੈ।

ਮਿਸਾਲ ਦੇ ਤੌਰ ਤੇ ਧਰਮ-ਅਸਥਾਨਾਂ ਅਤੇ ਪਰਉਪਕਾਰੀ ਸੰਸਥਾਵਾਂ ਵਿਚ ਕੰਧਾਂ ਉਤੇ, ਫ਼ਰਸ਼ ਉਤੇ ਅਤੇ 'ਦਾਨ' ਕੀਤੀਆਂ ਹੋਈਆਂ ਵਸਤੂਆਂ ਉਤੇ ਦਾਨੀਆਂ ਦੇ ਨਾਉ ਲਿਖੇ ਹੁੰਦੇ ਹਨ, ਇਹ 'ਹਉਮੈ' ਦਾ ਹੀ ਪ੍ਰਗਟਾਵਾ ਹੈ।

ਦੂਜੇ ਪਾਸੇ ਜੇਕਰ ਅਰਦਾਸੀਆ ਭੁੱਲ ਅਥਵਾ ਅਣਗਹਿਲੀ ਨਾਲ ਕਿਸੇ 'ਦਾਨੀ' ਦਾ ਨਾਮ ਬੋਲਣਾ ਭੁਲ ਜਾਏ ਤਾਂ 'ਰੋਸ' ਕੀਤਾ ਜਾਂਦਾ ਹੈ ਕਿ ਨਾਉਂ ਕਿਉਂ ਨਹੀਂ ਬੋਲਿਆ।

ਅਜੋਕੇ ਸਮੇਂ ਵਿਚ—

ਕਾਲਾ ਬਾਜ਼ਾਰੀ (black marketing) ਦੁਆਰਾ
ਰਿਸ਼ਵਤ ਦੁਆਰਾ
ਧੱਕੇ ਸ਼ਾਹੀ ਦੁਆਰਾ
ਠੱਗੀ-ਠੋਰੀ ਦੁਆਰਾ
ਵੱਢੀ-ਖੋਰੀ ਦੁਆਰਾ

ਧੋਖੇ-ਬਾਜ਼ੀ ਦੁਆਰਾ

ਸਮਗਲਿੰਗ ਦੁਆਰਾ

ਚੋਰੀ ਦੁਆਰਾ

ਲੁੱਟ-ਖਸੁੱਟ ਦੁਆਰਾ

ਅਤੇ ਵਕਤ ਦੀ ਟਾਲ-ਮਟੋਲ ਕਰਕੇ ਕੰਮ-ਚੋਰੀ ਦੁਆਰਾ ਤਨਖਾਹਾਂ ਲੈ ਕੇ ਉਸ ਵਿਚੋਂ ਦਾਨ-ਪੁੰਨ ਕਰਨ ਨੂੰ ਹੀ 'ਸੇਵਾ' ਸਮਝੀ ਬੈਠੇ ਹਾਂ।

ਇਸ ਤਰ੍ਹਾਂ ਦਾ 'ਦਾਨ-ਪੁੰਨ' ਕਰਨਾ 'ਸੇਵਾ' ਨਹੀਂ ਅਖਵਾ ਸਕਦਾ ਅਤੇ ਐਸਾ ਕੀਤਾ ਹੋਇਆ ਦਾਨ ਬੇਅਰਥ ਜਾਂਦਾ ਹੈ। ਬਲਕਿ 'ਦਾਨ' ਲਫਜ਼ ਦੀ ਬੇਅਦਬੀ ਕਰਨੀ ਹੈ ਜਿਸ ਨੂੰ 'ਪਖੰਡ' ਭੀ ਕਿਹਾ ਜਾ ਸਕਦਾ ਹੈ। ਆਮ ਜਨਤਾ ਇਸੇ ਭੁਲੇਖੇ ਵਿਚ ਪਈ ਹੋਈ ਹੈ।

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜੇ ਖਟੇ ਘਾਲੇ ਦੇਇ ॥ (ਪੰਨਾ-472)

ਪਰ ਦਸਾਂ ਨਹੁੰਆਂ ਦੀ 'ਕਿਰਤ' ਅਥਵਾ ਘਾਲਣਾ ਦੁਆਰਾ ਕੀਤੀ ਕਮਾਈ ਵਿਚੋਂ ਹੀ ਕੀਤਾ ਹੋਇਆ ਦਾਨ ਸਫਲ ਹੋ ਸਕਦਾ ਹੈ।

ਕੋਈ ਵਿਰਲਾ ਗੁਰਮੁਖ ਜਨ ਹੀ 'ਭਾਈ ਲਾਲੋ' ਵਾਂਗ ਖੱਟ-ਘਾਲ ਕੇ ਸਹਿਜ-ਸੁਭਾਇ ਦਾਨ ਦਿੰਦਾ ਹੈ ਤੇ ਅਸਲੀ ਅਰਥਾਂ ਵਿਚ 'ਘਾਲਿ ਖਾਇ ਕਿਛੁ ਹਥਹੁ ਦੇਇ' ਦੀ ਕਮਾਈ ਕਰਦਾ ਹੋਇਆ ਸੇਵਾ ਕਰਦਾ ਹੈ।

ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ। (ਵਾ. ਭਾ. ਗੁ. 3/14)

ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
ਬਾਰਹ ਪੰਥ ਇਕਤ੍ਰ ਕਰਿ ਗੁਰਮੁਖਿ ਗਾਡੀ ਰਾਹੁ ਚਲਾਇਆ। (ਵਾ. ਭਾ. ਗੁ. 18/14)

ਨਾਮੁ ਦਾਨੁ ਇਸਨਾਨੁ ਕਰਮ ਕਮਾਇਆ।
ਨਿਵ ਚਲਨੁ ਮਿਠ ਬੋਲ ਘਾਲਿ ਖਵਾਇਆ। (ਵਾ. ਭਾ. ਗੁ. 20/6)

ਗੁਰਸਿਖੀ ਦਾ ਰਾਹੁ ਏਹੁ ਗੁਰਮੁਖਿ ਚਾਲ ਚਲੈ ਸੋ ਦੇਖੈ।
ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ। (ਵਾ. ਭਾ. ਗੁ. 28/6)

ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।

ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।

(ਵਾ. ਭਾ. ਗੁ. 28/15)

ਇਸ ਦੇ ਐਨ ਉਲਟ ਜੋ ਜੀਵ ਸਿਰਫ ਮਾਇਆ ਇਕਤ੍ਰ ਕਰਨ ਵਿਚ ਹੀ ਖਚਤ ਰਹਿੰਦੇ ਹਨ, ਪਰਉਪਕਾਰ ਅਤੇ ਧਰਮ ਕਾਰਜਾਂ ਨਮਿਤ 'ਦਾਨ' ਨਹੀਂ ਦਿੰਦੇ—ਐਸੇ 'ਕ੍ਰਿਪਨ' ਅਥਵਾ 'ਸੂਮਾ' ਬਾਬਤ ਗੁਰਬਾਣੀ ਵਿਚ ਇਉਂ ਤਾੜਨਾ ਕੀਤੀ ਗਈ ਹੈ—

ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥
ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ॥ (ਪੰ.–698)

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥
ਦਾਨ ਪੁੰਨੁ ਨਹੀਂ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥ (ਪੰ.–712)

ਕਿਸੇ ਕਵੀ ਨੇ ਇਹੋ ਜਿਹੇ 'ਸੂਮਾਂ' ਬਾਬਤ ਇਉਂ ਕਟਾਖ, ਵਰਤਿਆ ਹੈ—

ਦਾਨ ਬਿਨ ਦਰਬ ਨਿਦਾਨ ਠਹਰਾਤ ਕੌਨ
ਗਯਾਨ ਬਿਨ ਯਸ਼ ਅਪਯਸ਼ ਕਰ ਕਰਗੇ।
'ਕਵਿਰਾਯ' ਸੰਤਨ ਸੁਭਾਇ ਸੁਨੇ ਸੂਮਨ ਕੇ
ਧਰਮ ਬਿਹੂਨੇ ਧਨ ਧਰਾ ਧਰ ਧਰਗੇ।

'ਸੇਵਾ' ਜੀਵਨ ਦੀ ਸਫਲਤਾ ਲਈ ਜ਼ਰੂਰੀ ਅੰਗ ਹੈ। ਗੁਰਬਾਣੀ ਵਿਚ 'ਸੇਵਾ' ਬਾਬਤ ਤਾਕੀਦੀ ਹੁਕਮ ਹੈ—

ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥ (ਪੰਨਾ–26)

'ਸੇਵਾ' ਕਈ ਪ੍ਰਕਾਰ ਅਤੇ ਕਈ ਢੰਗਾਂ ਨਾਲ ਕੀਤੀ ਜਾਂਦੀ ਹੈ—

ਅਨਿਕ ਭਾਂਤਿ ਕਰਿ ਸੇਵਾ ਕਰੀਐ ॥
ਜੀਉ ਪ੍ਰਾਨ ਧਨੁ ਆਗੈ ਧਰੀਐ ॥ (ਪੰਨਾ–391)

1. ਸਰੀਰਕ ਸੇਵਾ—

ਇਹ ਸੇਵਾ ਸਰੀਰ ਨਾਲ ਕੀਤੀ ਜਾਂਦੀ ਹੈ, ਜਿਵੇਂ ਕਿ—

ਭਾਂਡੇ ਮਾਂਜਣੇ,
ਪੀਹਣਾ ਕਰਣਾ
ਲੰਗਰ ਪਕਾਉਣਾ
ਪੱਖਾ ਫੇਰਨਾ

ਪਾਣੀ ਢੋਣਾ

ਕਪੜੇ ਧੋਣੇ

ਝਾੜੂ ਦੇਣਾ

ਸਫਾਈ ਕਰਨੀ

ਅਤੇ ਧਾਰਮਿਕ ਅਥਵਾ ਸਮਾਜਿਕ ਭਲਾਈ ਲਈ ਮੰਦਰ ਬਣਾਉਣੇ, ਆਦਿ ਹੋਰ ਅਨੇਕਾਂ ਤਰ੍ਹਾਂ ਨਾਲ 'ਸੇਵਾ' ਕਰਨੀ।

ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥
ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥ (ਪੰਨਾ–518)

ਪਾਣੀ ਪੀਹਣ ਘਤਿ ਸੇਵਾ ਘਾਲੀਐ । (ਵਾ. ਭਾ. ਗੁ. 3/8)

ਤਪੜੁ ਝਾੜਿ ਵਿਛਾਇ ਧੂੜੀ ਨਾਇਆ।
ਕੋਰੇ ਮਟ ਅਣਾਇ ਨੀਰੁ ਭਰਾਇਆ। (ਵਾ. ਭਾ. ਗੁ. 20/10)

ਜੋ ਮਨੁਖ ਸਰੀਰਕ ਸੇਵਾ ਨਹੀਂ ਕਰਦੇ—ਉਨ੍ਹਾਂ ਬਾਬਤ ਸਖਤ ਤਾੜਨਾ ਭੀ ਕੀਤੀ ਗਈ ਹੈ।

ਮਿਥਿਆ ਤਨ ਨਹੀ ਪਰਉਪਕਾਰਾ ॥ (ਪੰਨਾ–269)

ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥ (ਪੰਨਾ–651)

ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ। (ਵਾ. ਭਾ. ਗੁ. 27/10)

2. ਮਾਨਸਿਕ ਸੇਵਾ—ਉਪਰਲੇ ਕਿਸਮ ਦੀ 'ਸਰੀਰਕ' ਅਤੇ ਮਾਇਕੀ 'ਦਾਨ' ਦੀ ਸੇਵਾ ਸੌਖੀ ਹੈ ਜੋ ਕਿ ਆਮ ਸਾਧਾਰਨ ਲੋਕ ਭੀ ਕਰ ਸਕਦੇ ਹਨ। ਪਰ ਮਾਨਸਿਕ ਸੇਵਾ ਉਹ ਹੈ ਜਿਸ ਵਿਚ ਕਮਾਈ ਹੋਈ ਸ਼ਖਸੀਅਤ ਅਥਵਾ ਅਪਣੇ 'ਆਪੇ' ਦੇ ਗੁਣਾ ਦੀ ਸਾਂਝ ਕਰਨੀ ਹੁੰਦੀ ਹੈ, ਆਪਣਾ ਅੰਦਰਲਾ 'ਆਪਾ' ਭੇਟ ਕਰਨਾ ਹੁੰਦਾ ਹੈ ਅਥਵਾ ਆਪਣਾ 'ਆਪਾ' ਵਾਰਨਾ ਹੁੰਦਾ ਹੈ।

ਸਰੀਰਕ ਸੇਵਾ ਲਾਭਦਾਇਕ ਹੈ, ਪਰ ਮਾਨਸਿਕ ਸੇਵਾ ਉਸ ਨਾਲੋਂ ਭੀ ਸ੍ਰੇਸ਼ਟ ਅਤੇ ਉਤਮ ਹੈ ਕਿਉਂਕਿ ਇਸ ਵਿਚ ਮਾਨਸਿਕ ਤੌਰ ਤੇ ਇਕ ਦੂਜੇ ਨਾਲ 'ਆਪੇ' ਦੀ ਸਾਂਝ ਅਥਵਾ ਲੇਵਾ-ਦੇਵੀ ਹੁੰਦੀ ਹੈ, ਜਿਵੇਂ ਕਿ—

ਵਿਦਿਆ ਪੜ੍ਹਾਉਣੀ

ਇਖਲਾਕ ਸਿਖਾਉਣਾ

ਦੂਜੇ ਦੇ ਕੰਮ ਆਉਣਾ

ਉਪਕਾਰ ਕਰਨਾ

ਹਮਦਰਦੀ ਕਰਨੀ
ਸ਼ੁਭ ਕਾਮਨਾ ਕਰਨੀ
ਗੁਰਬਾਣੀ ਲਿਖਣੀ
ਗੁਰਬਾਣੀ ਪੜ੍ਹਾਉਣੀ
ਗੁਰਬਾਣੀ ਦੇ ਅਰਥ ਸਿਖਾਉਣੇ
ਗੁਰਬਾਣੀ ਦੇ ਅੰਤ੍ਰੀਵ ਭਾਵ ਦਸਣੇ
ਕਥਾ-ਵਾਰਤਾ ਕਰਨੀ
ਕੀਰਤਨ ਕਰਨਾ
ਕੀਰਤਨ ਸਿਖਾਉਣਾ
ਗੁਰਮਤਿ ਦੇ ਲੇਖ ਲਿਖਣੇ
ਗੁਰਮਤਿ ਦੇ ਗ੍ਰੰਥ ਲਿਖਣੇ
ਸਤਸੰਗ ਵੱਲ ਪ੍ਰੇਰਨਾ
ਗੁਰਬਾਣੀ ਵੱਲ ਲਾਉਣਾ
ਜੀਵਨ-ਸੇਧ ਦਸਣੀ, ਆਦਿ।

ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ
ਉਪਦੇਸ ਕਰਹਿ ਪਰਉਪਕਾਰਿਆ ॥ (ਪੰਨਾ-311)

ਗੁਨ ਗਾਇ ਸੁਨਿ ਲਿਖਿ ਦੇਇ ॥
ਸੋ ਸਰਬ ਫਲ ਹਰਿ ਲੇਇ ॥
ਕੁਲ ਸਮੂਹ ਕਰਤ ਉਧਾਰੁ ॥
ਸੰਸਾਰੁ ਉਤਰਸਿ ਪਾਰਿ ॥ (ਪੰਨਾ-838)

ਗੁਰਬਾਣੀ ਲਿਖਿ ਪੋਥੀਆ ਤਾਲ ਮਿੰਦੰਗ ਰਬਾਬ ਵਜਾਵੈ। (ਵਾ. ਭਾ. ਗੁ. 6/12)

ਗੁਰਬਾਣੀ ਸੁਣਿ ਸਿਖਿ ਲਿਖਿ ਲਿਖਾਇਆ। (ਵਾ. ਭਾ. ਗੁ. 20/6)

ਗੁਰਸਿਖੀ ਦਾ ਲਿਖਣਾ ਗੁਰਬਾਣੀ ਸੁਣਿ ਸਮਝੈ ਲਿਖੈ। (ਵਾ. ਭਾ. ਗੁ. 28/5)

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ
ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ । (ਕ. ਭਾ. ਗੁ. 673)

ਜਦੋਂ ਅਸੀਂ ਐਸੀ ਮਾਨਸਿਕ ਸੇਵਾ ਕਰਦੇ ਹਾਂ—ਉਦੋਂ ਅਸੀਂ ਆਪਣੀ ਸ਼ਖਸੀਅਤ ਦੇ ਗੁਣਾਂ ਦੀ ਸਾਂਝ ਕਰਦੇ ਹਾਂ ਅਥਵਾ ਅਪਣੇ 'ਆਪੇ' ਦਾ ਕੁਝ ਹਿੱਸਾ ਲੋਕਾਂ ਵਿਚ ਵੰਡਦੇ

ਹਾਂ, ਦੂਜੇ ਲਫਜ਼ਾਂ ਵਿਚ ਅਪਣਾ 'ਆਪਾ' ਵਾਰਦੇ ਹਾਂ।

ਐਸੀ ਡੂੰਘੀ ਮਾਨਸਿਕ ਸੇਵਾ ਬੜੀ ਲਾਭਦਾਇਕ ਹੁੰਦੀ ਹੈ ਅਤੇ ਲੋਕਾਂ ਨੂੰ ਜੀਵਨ ਉੱਚਾ ਕਰਨ ਲਈ 'ਸੇਧ' ਦਿੰਦੀ ਹੈ ਅਤੇ ਕਲਿਆਨਕਾਰੀ ਹੁੰਦੀ ਹੈ।

ਐਸੀ ਮਾਨਸਿਕ ਸੇਵਾ ਦੁਆਰਾ ਮਾਨਸਿਕ ਸਤਹ ਤੇ—

'ਸੰਗ' ਹੁੰਦਾ ਹੈ।

'ਸੰਗਤ' ਹੁੰਦੀ ਹੈ।

'ਮੇਲ-ਜੋਲ' ਹੁੰਦਾ ਹੈ।

'ਵਣਜ-ਵਪਾਰ' ਹੁੰਦਾ ਹੈ।

'ਲੇਵਾ-ਦੇਵੀ' ਹੁੰਦੀ ਹੈ।

ਮਿਲਵਰਤਣ ਹੁੰਦੀ ਹੈ।

'ਦਿਲਾਂ' ਦੀ ਸਾਂਝ ਹੁੰਦੀ ਹੈ।

'ਸਗਲ ਸੰਗਿ ਹਮ ਕਉ ਬਨਿਆਈ' ਹੋ ਜਾਂਦੀ ਹੈ।

3. ਆਤਮਿਕ ਸੇਵਾ— ਇਹ ਤ੍ਰੈ-ਗੁਣਾਂ ਤੋਂ ਉਪਰ ਉੱਠ ਕੇ 'ਆਤਮਿਕ ਮੰਡਲਾਂ' ਦੀ ਖੇਲ ਹੈ। ਮੋਹ-ਮਾਇਆ ਵਿਚ ਪਲਚਦੀ ਅਤੇ ਭਰਮ-ਭੁਲੇਖਿਆਂ ਵਿਚ ਭਟਕਦੀ ਹੋਈ ਕਿਸੇ 'ਹੋਣਕਾਰ ਅਭਿਲਾਖੀ ਰੂਹ' ਨੂੰ ਮਾਇਕੀ ਮੰਡਲ ਦੇ ਹਨੇਰ-ਖਾਤੇ ਵਿਚੋਂ ਕੱਢ ਕੇ ਆਤਮਿਕ ਅਨੁਭਵੀ ਗਿਆਨ ਦੁਆਰਾ ਸਹੀ ਆਤਮਿਕ ਜੀਵਨ-ਸੇਧ ਦੇ ਕੇ ਆਤਮ-ਮਾਰਗ ਵਿਚ ਲਾਉਣਾ ਹੀ ਆਤਮਿਕ ਮੰਡਲ ਦੀ ਇਲਾਹੀ ਸੇਵਾ ਹੈ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ (ਪੰ.-749)

ਹਰ ਤਰ੍ਹਾਂ ਦੀ 'ਸੇਵਾ' ਦੇ ਪਿਛੇ ਕੋਈ ਨ ਕੋਈ—

ਮਾਇਕੀ
ਧਾਰਮਿਕ
ਆਤਮਿਕ

ਭਾਵਨਾ (motivation) ਹੁੰਦੀ ਹੈ।

ਇਹਨਾਂ 'ਭਾਵਨਾਵਾਂ' ਅਨੁਸਾਰ ਹੀ ਅਸੀਂ ਕਈ ਕਿਸਮ ਦੀ 'ਸੇਵਾ' ਕਰਦੇ ਹਾਂ ਅਤੇ ਫਲ ਭੋਗਦੇ ਹਾਂ।

ਏਕ ਨਦਰਿ ਕਰਿ ਵੇਖੈ ਸਭ ਊਪਰਿ
ਜੇਹਾ ਭਾਉ ਤੇਹਾ ਫਲੁ ਪਾਈਐ ॥ (ਪੰਨਾ-602)

ਦੇਖਾ ਦੇਖੀ ਦੀ ਸੇਵਾ—

ਅਸੀਂ ਲੋਕਾਂ ਨੂੰ ਦੇਖ ਕੇ ਉਹਨਾਂ ਦੀ 'ਰੀਸ' ਕਰਦੇ ਹਾਂ ਅਤੇ ਉਸ ਦੇ ਮੰਤਵ ਯਾ 'ਭੇਦ' ਦਾ ਸਾਨੂੰ ਕੋਈ ਗਿਆਨ ਨਹੀਂ ਹੁੰਦਾ। ਇਸ ਸ਼੍ਰੇਣੀ ਵਿਚ ਕਈ ਕਿਸਮ ਦੇ ਰਸਮ-ਰਿਵਾਜ, ਕਰਮ-ਕਾਂਡ, ਪਰਉਪਕਾਰ ਅਤੇ ਹੋਰ ਕਈ ਭਰਮ-ਭੁਲੇਖੇ ਸ਼ਾਮਲ ਹਨ।

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ (ਪੰਨਾ-28)

ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨ ਹਠਿ ਤੀਰਥ ਜਾਇ ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਇ ॥ (ਪੰਨਾ-1371)

ਸੌਦੇ-ਬਾਜ਼ੀ ਦੀ ਸੇਵਾ—

ਆਮ ਤੌਰ ਤੇ ਸਾਡੀ 'ਸੇਵਾ' ਇਸ ਸ਼੍ਰੇਣੀ ਵਿਚ ਹੀ ਗਿਣੀ ਜਾ ਸਕਦੀ ਹੈ। ਨਿਜੀ ਸੁਆਰਥ ਦੀ ਪੂਰਤੀ ਲਈ ਯਾ ਵਡਿਆਈ ਪ੍ਰਾਪਤ ਕਰਨ ਲਈ ਅਸੀਂ ਲੋਕਾਂ ਯਾ ਦੇਵੀ-ਦੇਵਤਿਆਂ ਦੀ ਸੇਵਾ ਕਰਦੇ ਹਾਂ। ਇਸੇ ਤਰ੍ਹਾਂ ਧਰਮ ਅਸਥਾਨਾਂ ਵਿਚ—

ਦੁਖਾਂ ਦੀ ਨਿਵਿਰਤੀ ਲਈ
ਬੀਮਾਰੀਆਂ ਦੇ ਇਲਾਜ ਲਈ
ਜਾਇਜ਼-ਨਾਜਾਇਜ਼ ਗ਼ਰਜ਼ਾਂ ਦੀ ਪੂਰਤੀ ਲਈ
ਤ੍ਰਿਸ਼ਨਾਂ ਦੀ ਪੂਰਤੀ ਲਈ
ਵਾਹ-ਵਾਹ ਖੱਟਣ ਲਈ

ਹੀ—

ਪਾਠ-ਪੂਜਾ ਕਰਦੇ-ਕਰਾਉਂਦੇ ਹਾਂ
ਕਰਮ-ਕ੍ਰਿਆ ਕਰਦੇ ਹਾਂ
ਦਾਨ ਦਿੰਦੇ ਹਾਂ
ਸੁੱਖਣਾ ਸੁੱਖਦੇ ਹਾਂ
ਜਪ-ਤਪ ਕਰਦੇ ਹਾਂ
ਕੁਰਬਾਨੀਆਂ ਦਿੰਦੇ ਹਾਂ
ਤੀਰਥ ਯਾਤਰਾ ਕਰਦੇ ਹਾਂ
ਨੇਕੀਆਂ ਕਰਦੇ ਹਾਂ
ਪਰਉਪਕਾਰ ਕਰਦੇ ਹਾਂ।

ਇਹ ਸਭ ਕੁਝ ਰੱਬ ਯਾ ਦੇਵੀ-ਦੇਵਤਿਆਂ ਨਾਲ 'ਸੌਦੇਬਾਜ਼ੀ' ਹੀ ਹੈ। ਸਾਰੀ ਦੁਨੀਆਂ ਦੇ ਅਖੌਤੀ ਧਰਮ ਭੀ ਇਸ ਕਿਸਮ ਦੀ ਧਾਰਮਿਕ ਸੌਦੇਬਾਜ਼ੀ ਦਾ ਹੀ ਪ੍ਰਚਾਰ ਕਰਦੇ ਹਨ ਅਤੇ ਮਾਇਕੀ ਲਾਭ ਉਠਾਉਂਦੇ ਹਨ।

ਜਿਉਂ ਜਿਉਂ ਸਾਡੀਆਂ ਗ਼ਰਜ਼ਾਂ ਵੱਧਦੀਆਂ ਜਾਂਦੀਆਂ ਹਨ — ਤਿਉਂ- ਤਿਉਂ ਇਹਨਾਂ ਦੀ ਪੂਰਤੀ ਲਈ ਧਾਰਮਿਕ 'ਸੌਦੇਬਾਜ਼ੀ' ਭੀ ਵੱਧਦੀ ਜਾਂਦੀ ਹੈ। ਲੋੜ (demand and supply) ਅਨੁਸਾਰ 'ਸੌਦੇ-ਬਾਜ਼ੀ' ਦੀਆਂ 'ਦੁਕਾਨਾਂ' ਯਾ 'ਅੱਡੇ' ਭੀ ਵੱਧਦੇ ਜਾਂਦੇ ਹਨ ਅਤੇ ਪ੍ਰਫੁਲਤ ਹੋ ਰਹੇ ਹਨ। ਇਹਨਾਂ ਧਾਰਮਿਕ ਮੰਡੀਆਂ ਵਿਚ ਬੜੇ 'ਗਰਮਾਂ-ਗਰਮ' ਸੌਦੇ ਹੁੰਦੇ ਹਨ ਅਤੇ ਖ਼ੂਬ ਗਹਿਮਾ-ਗਹਿਮੀ ਲਗੀ ਰਹਿੰਦੀ ਹੈ। ਜੇਕਰ ਇਕ ਦੁਕਾਨ ਤੋਂ ਗ਼ਰਜ਼ ਪੂਰੀ ਨਹੀਂ ਹੁੰਦੀ ਤਾਂ ਅਸੀਂ ਦੂਜੀ ਕਿਸੀ ਹੋਰ ਦੁਕਾਨ ਤੇ ਚਲੇ ਜਾਂਦੇ ਹਾਂ ਅਤੇ ਵੱਧ-ਚੜ ਕੇ ਸੇਵਾ ਕਰਦੇ ਹਾਂ।

ਇਸ ਤਰ੍ਹਾਂ ਭੋਲੀ-ਭਾਲੀ ਜਨਤਾ ਇਹੋ ਜਿਹੀ ਧਾਰਮਿਕ 'ਸੌਦੇ-ਬਾਜ਼ੀ' ਦੇ ਭਰਮ-ਭੁਲਾਵੇ ਵਿਚ ਹੀ ਗਲਤਾਨ ਹੋ ਕੇ ਅਸਲੀ ਆਤਮਿਕ 'ਜੀਵਨ-ਸੇਧ' ਨੂੰ ਭੁੱਲ ਜਾਂਦੀ ਹੈ ਅਤੇ ਅਵੇਸਲੀ ਹੋ ਜਾਂਦੀ ਹੈ। ਇਸੇ ਭਰਮ-ਭੁਲਾਵੇ ਵਿਚ ਅਸੀਂ ਆਪਣੇ ਆਪ ਨੂੰ ਝੂਠੀ ਤਸੱਲੀ ਦੇ ਕੇ 'ਸੇਵਕ', 'ਪਰਉਪਕਾਰੀ' ਅਤੇ 'ਭਲਾ-ਭਲੇਰਾ' ਹੋਣ ਦਾ ਝੂਠਾ ਦਾਵਾ ਕਰਦੇ ਹਾਂ।

ਦੂਜੇ ਲਫ਼ਜ਼ਾਂ ਵਿਚ ਅਸੀਂ ਪਰਮਾਤਮਾ, ਗੁਰੂਆਂ, ਅਵਤਾਰਾਂ, ਦੇਵੀ-ਦੇਵਤਿਆਂ ਅਤੇ ਸਾਧਾਂ-ਸੰਤਾਂ ਨੂੰ —

ਦੁਕਾਨਦਾਰ (shop keeper)

ਹੀ ਸਮਝਿਆ ਹੋਇਆ ਹੈ, ਅਤੇ ਉਹਨਾਂ ਨਾਲ —

ਸੌਦੇ-ਬਾਜੀ (bargaining)

ਵਾਲਾ ਹੀ ਵਰਤ-ਵਰਤਾਰਾ ਕਰਦੇ ਹਾਂ।

ਗੁਰਬਾਣੀ ਸਾਨੂੰ ਇਸ 'ਧਾਰਮਿਕ ਸੌਦੇ ਬਾਜ਼ੀ' ਦੇ ਪਖੰਡ ਦੀ ਬਾਬਤ ਇਉਂ ਤਾੜਨਾ ਕਰਦੀ ਹੈ —

ਬਹੁ ਤਾਲ ਪੂਰੇ ਵਾਜੇ ਵਜਾਏ ॥
ਨਾ ਕੋ ਸੁਣੇ ਨ ਮੰਨਿ ਵਸਾਏ ॥
ਮਾਇਆ ਕਾਰਣਿ ਪਿੜ ਬੰਧਿ ਨਾਚ
ਦੂਜੈ ਭਾਇ ਦੁਖੁ ਪਾਵਣਿਆ ॥ (ਪੰਨਾ-122)

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥ (ਪੰਨਾ-466)

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥ (ਪੰਨਾ-495)

ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥
ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਟਾ ਮਾਹਿ ਸਮਾਈ ॥ (ਪੰਨਾ-571)

ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥ (ਪੰਨਾ-1246)

ਇਤਨੇ ਧਰਮ ਪ੍ਰਚਾਰ ਅਤੇ ਇਹੋ ਜੇਹੀ ਸਖਤ ਤਾੜਨਾ ਦੇ ਬਾਵਜੂਦ ਅਸੀਂ ਇਸ ਮਾਇਕੀ ਸੌਦੇਬਾਜ਼ੀ ਦੇ ਭਰਮ-ਭੁਲਾਵੇ ਵਿਚੋਂ ਅਜੇ ਤਾਂਈਂ ਨਹੀਂ ਨਿਕਲ ਸਕੇ।

ਮੋਹ-ਮਮਤਾ ਦੀ ਸੇਵਾ —

ਅਕਾਲ ਪੁਰਖ ਦੇ 'ਹੁਕਮ' ਅਨੁਸਾਰ ਗ੍ਰਿਹਸਤੀ ਜੀਵਨ ਬਤੀਤ ਕਰਦਿਆਂ ਹੋਇਆਂ ਆਪਣੇ ਮਾਂ-ਬਾਪ, ਭੈਣ-ਭਰਾ, ਪਤੀ- ਪਤਨੀ ਅਤੇ ਬੱਚਿਆਂ ਦੀ ਦੇਖ-ਭਾਲ, ਪਰਵਰਿਸ਼ ਅਤੇ 'ਸੇਵਾ-ਸੰਭਾਲ' ਕਰਨੀ ਸਾਡਾ ਫਰਜ਼ ਹੈ।

ਇਹਨਾਂ ਸੰਬੰਧੀਆਂ ਦਾ 'ਮੇਲ' ਇਲਾਹੀ ਹੁਕਮ ਵਿਚ ਹੀ ਸਾਡੇ ਨਾਲ ਹੋਇਆ ਹੈ। ਇਸ ਕਰਕੇ ਇਹਨਾਂ ਸੰਬੰਧੀਆਂ ਨੂੰ ਭੀ ਅਕਾਲ ਪੁਰਖ ਦੀ 'ਦਾਤ' ਸਮਝ ਕੇ ਹੀ ਤਨੋ-ਮਨੋ ਇਨ੍ਹਾਂ ਦੀ ਸੇਵਾ ਸੰਭਾਲ ਕਰਨੀ ਸਾਡਾ ਫ਼ਰਜ਼ ਹੈ।

ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥
ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥ (ਪੰਨਾ-494)

ਜਿਨਿ ਦੀਏ ਤੁਧੁ ਬਾਪ ਮਹਤਾਰੀ ॥
ਜਿਨਿ ਦੀਏ ਭ੍ਰਾਤ ਪੁਤ ਹਾਰੀ ॥
ਜਿਨਿ ਦੀਏ ਤੁਧੁ ਬਨਿਤਾ ਅਰੁ ਮੀਤਾ ॥ (ਪੰਨਾ-913)

ਪਰ ਜਦੋਂ ਅਸੀਂ ਇਹਨਾ ਸੰਬੰਧੀਆਂ ਦੀ ਮੈਂ-ਮੇਰੀ ਦੁਆਰਾ 'ਅਪਣਤ' ਜਤਾਉਂਦੇ ਹਾਂ, ਤਾਂ ਇਹੀ 'ਪਿਆਰ' ਅਪਣਤ ਦੀ ਪਕੜ ਵਿਚ 'ਮੋਹ' ਬਣ ਜਾਂਦਾ ਹੈ। ਇਸ ਮੋਹ-ਮਮਤਾ ਦੇ ਭਰਮ-ਭੁਲਾਵੇ ਵਿਚ ਅਸੀਂ ਪਲਚ-ਪਲਚ ਕੇ ਆਪਣਾ ਅਮੋਲਕ ਜੀਵਨ ਖੁਆਰ ਕਰਦੇ ਹਾਂ।

ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗ ॥
ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖ ਸੁ ਸੋਗੁ ॥ (ਪੰਨਾ-63)

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥

ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥ (ਪੰਨਾ-551)

ਜੇਤਾ ਮੋਹੁ ਪਰੀਤਿ ਸੁਆਦ ॥
ਸਭਾ ਕਾਲਖ ਦਾਗਾ ਦਾਗ ॥ (ਪੰਨਾ-662)

ਜੇਤਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ ਛੀਨਿ ਖਰੇ ॥
ਤਨੁ ਧਨੁ ਬਿਨਸੈ ਸਹਸੈ ਸਹਸਾ
ਫਿਰਿ ਪਛੁਤਾਵੈ ਮੁਖਿ ਧੂਰਿ ਪਰੇ ॥ (ਪੰਨਾ-1014)

ਪੁਤ੍ਰ ਕਲਤ੍ਰ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥
ਜਮਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ ॥ (ਪੰਨਾ-1248)

ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥
ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥
ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥ (ਪੰਨਾ-1422)

ਨੌਕਰੀ ਚਾਕਰੀ ਦੀ ਸੇਵਾ—

ਆਪਣੀ ਰੋਜ਼ੀ ਰੋਟੀ ਲਈ ਜੋ ਨੌਕਰੀ-ਚਾਕਰੀ ਵਿਚ ਸੇਵਾ ਕੀਤੀ ਜਾਂਦੀ ਹੈ—ਇਹ ਉਪਜੀਵਕਾ ਦੀ ਗੁਲਾਮੀ ਹੀ ਹੈ। ਜਿਸ ਨੂੰ ਡਿਊਟੀ (duty) ਕਿਹਾ ਜਾਂਦਾ ਹੈ। ਇਸ ਸੇਵਾ (duty) ਦੇ ਪਿਛੇ 'ਭਾਵਨਾ' ਦਾ ਬੜਾ ਅਸਰ ਹੁੰਦਾ ਹੈ। ਜੇਕਰ ਇਹ 'ਡਿਊਟੀ' ਅਥਵਾ ਸੇ ਵਾ ਇਲਾਹੀ ਹੁਕਮ ਦੇ ਭਾਣੇ ਵਿਚ ਦਿਆਨਤਦਾਰੀ ਅਤੇ ਇਮਾਨਦਾਰੀ ਨਾਲ ਕੀਤੀ ਜਾਵੇ ਤਾਂ ਕਲਿਆਣਕਾਰੀ ਹੋ ਸਕਦੀ ਹੈ। ਪਰ ਅਸੀਂ ਇਹ 'ਸੇਵਾ' ਅਥਵਾ ਡਿਊਟੀ ਨੂੰ ਭੀ ਵਕਤ ਦੀ ਪਾਬੰਦੀ ਵਿਚ ਦਿਆਨਤਦਾਰੀ ਨਾਲ ਨਹੀਂ ਕਰਦੇ ਅਤੇ 'ਲਾਰੇ ਬਾਜ਼ੀ' ਦੁਆਰਾ 'ਟਾਲ-ਮਟੋਲ' ਹੀ ਕਰ ਛੱਡਦੇ ਹਾਂ, ਜਿਸ ਦਾ ਨਤੀਜਾ ਸਾਨੂੰ ਅਵੱਸ਼ ਹੀ ਭੋਗਣਾ ਪੈਂਦਾ ਹੈ।

ਭਾਈਚਾਰਕ ਸੇਵਾ—

ਅਸੀਂ ਸਾਰੇ ਭਾਈਚਾਰਕ ਰਸਮਾਂ-ਰਿਵਾਜਾਂ ਅਤੇ ਵਹਿਮਾਂ ਦੇ ਬੰਧਨਾਂ ਵਿਚ ਜ਼ਬਰਦਸਤ ਜਕੜੇ ਹੋਏ ਹਾਂ ਤੇ ਅਤਿ ਦੁਖੀ ਹੋਣ ਦੇ ਬਾਵਜੂਦ ਇਹਨਾਂ ਰਸਮਾਂ-ਰਿਵਾਜਾਂ ਨੂੰ ਘਟਾਉਣ ਦੀ ਬਜਾਏ ਹੋਰ ਵਧਾਈ ਜਾ ਰਹੇ ਹਾਂ। ਸਾਡੇ ਜਨਮ, ਮਰਣ, ਮੰਗਣੀ, ਵਿਆਹ ਅਤੇ ਹੋਰ ਅਨੇਕਾਂ ਸਮਾਜਿਕ ਤਿਉਹਾਰਾਂ ਨੂੰ ਅਸੀਂ ਇਤਨਾ ਗੁੰਝਲਦਾਰ, ਖਲੇਰਾ, ਵਖੇਵਾਂ, ਅਤੇ ਖਰਚੀਲਾ ਬਣਾ ਦਿਤਾ ਹੈ ਕਿ ਜਿਸ ਨਾਲ ਖੇਚਲ ਤੋਂ ਇਲਾਵਾ ਫਜ਼ੂਲ ਖਰਚੀ ਦੇ ਭਾਰ ਹੇਠਾਂ ਦਬ ਕੇ ਖਲਕਤ ਦੁਖੀ ਹੋ ਰਹੀ ਹੈ।

ਇਹਨਾਂ ਬੰਧਨਾਂ ਵਿਚ ਅਸੀਂ ਜੋ ਸੇਵਾ ਕਰਦੇ ਹਾਂ—ਉਹ ਸਭ ਲੋਕਾਚਾਰੀ, ਲੋਕ-ਲਾਜ ਅਤੇ ਫੋਕੇ ਰਸਮਾਂ-ਰਿਵਾਜਾਂ ਦੀ ਹੀ ਗੁਲਾਮੀ ਹੈ ਜਿਸ ਵਿਚ ਅਸੀਂ ਅਭੋਲ ਯਾ ਮੱਲੋ-ਮੱਲੀ

ਫਸੇ ਹੋਏ ਹਾਂ ਅਤੇ ਅਤਿ ਦੁਖੀ ਹੋ ਰਹੇ ਹਾਂ।

ਵਾਸ਼ਨਾਵਾਂ ਕਾਰਣ ਸੇਵਾ—

ਨੀਵੀਆਂ ਰੁਚੀਆਂ ਵਾਲੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਜੋ ਦੂਜਿਆਂ ਦੀ ਸੇਵਾ ਕਰਦੇ ਹਾਂ—ਉਹ ਸਾਨੂੰ ਇਹਨਾਂ ਵਾਸ਼ਨਾਵਾਂ ਵਿਚ ਹੋਰ ਭੀ ਗਲਤਾਨ ਕਰੀ ਜਾਂਦੀ ਹੈ ਅਤੇ ਅਸੀਂ ਰਸਾਤਲ ਵਲ ਰੁੜ੍ਹੇ ਜਾਂਦੇ ਹਾਂ।

ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ
ਸੋ ਨਿਹਫਲ ਸਭੁ ਅਗਿਆਨੁ ॥ (ਪੰਨਾ–734)

ਪਾਪ ਕਰਹਿ ਪੰਚਾਂ ਕੇ ਬਸਿਰੇ ॥
ਤੀਰਥਿ ਨਾਇ ਕਹਹਿ ਸਭ ਉਤਰੇ
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮਪੁਰਿ ਬਾਂਧਿ ਖਰੇ ਕਾਲੰਕ ॥ (ਪੰਨਾ–1348)

ਦੁਖਾਂ ਕਲੇਸ਼ਾਂ ਤੋਂ ਬਚਣ ਲਈ ਸੇਵਾ—

ਆਪੂੰ ਸਹੇੜੇ ਹੋਏ ਦੁਖਾਂ-ਕਲੇਸ਼ਾਂ ਤੋਂ ਬਚਣ ਲਈ ਅਸੀਂ ਅਨੇਕਾਂ ਕਿਸਮ ਦੇ—

ਜਾਦੂ
ਟੂਣੇ
ਤਵੀਤ
ਜੰਤ੍ਰ
ਮੰਤ੍ਰ
ਤੰਤ੍ਰ
ਮੜੀਆਂ-ਮਸਾਣਾਂ ਦੀ ਪੂਜਾ, ਅਤੇ
ਕਿਰਿਆ-ਕਰਮ

ਦੇ ਭਰਮ-ਭੁਲਾਵੇ ਵਿਚ ਫਸ ਕੇ ਅਖੌਤੀ ਸਾਧੂਆਂ, ਜੋਗੀਆਂ, ਪੀਰਾਂ, ਫਕੀਰਾਂ, ਆਦਿ ਦੀ 'ਸੇਵਾ' ਕਰਦੇ ਹਾਂ—ਉਹ ਸਭ ਬਿਰਥਾ ਅਤੇ ਹਾਨੀਕਾਰਕ ਹਨ। ਇਹਨਾਂ ਕੂੜੇ ਅਤੇ ਫੋਕੇ ਵਹਿਮਾਂ ਨਾਲ ਸਾਡੇ ਦੁਖ ਕਲੇਸ਼ ਘਟਣੇ ਤਾਂ ਕੀ ਸੀ ਬਲਕਿ ਅਸੀਂ ਇਹਨਾਂ ਭਰਮ-ਭੁਲੇਖਿਆਂ ਵਿਚ ਹੋਰ ਭੀ ਜਕੜੇ ਜਾ ਰਹੇ ਹਾਂ ਅਤੇ ਦੁਖੀ ਹੋ ਕੇ ਨਰਕ ਮਈ ਜੀਵਨ ਬਤੀਤ ਕਰ ਰਹੇ ਹਾਂ।

ਤੰਤ ਮੰਤ੍ਰ ਅਉਖਧ ਜਾਨਹਿ ਅੰਤਿ ਤਊ ਮਰਨਾ ॥ (ਪੰਨਾ–476)

ਮੜੀ ਮਸਾਣੀ ਮੂੜੇ ਜੋਗੁ ਨਾਹਿ ॥ (ਪੰਨਾ–1190)

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥
ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥ (ਪੰਨਾ–1370)

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ। (ਵਾ. ਭਾ. ਗੁ. 1/18)

ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ। (ਵਾ. ਭਾ. ਗੁ. 28/2)

ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖ ਲਪਟਾਏ। (ਵਾ. ਭਾ. ਗੁ. 1/19)

(ਚਲਦਾ........)